RTI

To

The Registrar,

Punjab Cooperative societies

Punjab Chandigarh

**Subject: Appeal under RTI Act against the act of Assistant Registrar, Cooperative societies Ajnala**

ਦਫਤਰ:- ਰਜਿਸਟਰਾਰ, ਸਹਿਕਾਰੀ ਸਭਾਵਾਂ
ਪੰਜਾਬ, ਚੰਡੀਗੜ
( ਲੋਕਲ ਸ਼ਾਖਾ )
ਡਾਇਰੀ ਨੰ...... 868
ਮਿਤੀ...13-10-2017

2642

Sir,

It is submitted as under

1. That an application under section 6 RTI Act along with requisite fee through registered post was sent on 19.8.2017 to the office of Assistant Registrar, Cooperative Societies Ajnala copy of the same is attached herewith as Annexure A.1 to A.3. i. e application, postal receipt as well as postal order.

2. That it was mandatory on the part of the said authority to give the information within a period of 30 days from the date of receipt of the application. The said authority has failed to give the information without any reasonable cause.

3. That non giving reply /information amounts to denial on the part of the said authority hence the present appeal.

It is therefore prayed that the present appeal may kindly be allowed and a direction may kindly be given to the said authority to supply the information and further to pay compensation to the applicant to the tune of Rs.25000/-.

Hardip Singh

Hardip Singh

Son of Shivdev Singh

141 B Ranjit Avenue,Amritsar.

ਬਾ-ਅਦਾਲਤ ਸ੍ਰੀ ਦਰਸ਼ਨ ਸਿੰਘ ਗਿੱਲ, ਪੀ.ਸੀ.ਐਸ.-1, ਸੰਯੁਕਤ ਰਜਿਸਟਰਾਰ (ਐਪੀਲਾਂਟ ਅਥਾਰਟੀ), ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਆਰ.ਟੀ.ਆਈ.ਅਪੀਲ

ਹਰਦੀਪ ਸਿੰਘ ਪੁੱਤਰ ਸ਼ਿਵਦੇਵ ਸਿੰਘ, 141-ਬੀ, ਰਣਜੀਤ ਐਵੀਨਿਊ, ਅੰਮ੍ਰਿਤਸਰ।

.........ਪਹਿਲੀ ਧਿਰ........

ਬਨਾਮ

1. ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਅੰਮ੍ਰਿਤਸਰ।
2. ਸਹਾਇਕ ਰਜਿਸਟਰਾਰ (ਸਹਾਇਕ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਅਜਨਾਲਾ

..........ਦੂਜੀ ਧਿਰ..........

ਰਾਈਟ ਟੂ ਇਨਫਰਮੇਸ਼ਨ ਐਕਟ - 2005 ਰੂਲ 9 ਤਹਿਤ ਦਾਇਰ ਕੀਤੀ ਗਈ ਅਪੀਲ।

ਹਾਜ਼ਰ :

ਸ੍ਰੀ.ਭੁਪਿੰਦਰ ਸਿੰਘ, ਸਹਾਇਕ ਰਜਿਸਟਰਾਰ (ਸਹਾਇਕ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਅੰਮ੍ਰਿਤਸਰ-1.

ਹੁਕਮ :

ਮਿਸਲ ਸੁਣਵਾਈ ਲਈ ਪੇਸ਼ ਹੋਈ। ਅਪੀਲਕਰਤਾ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਦਰਖਾਸਤ ਮਿਤੀ : 19.08.2017 ਰਾਹੀਂ ਸਹਾਇਕ ਰਜਿਸਟਰਾਰ (ਸਹਾਇਕ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਅਜਨਾਲਾ ਪਾਸੋਂ ਮੰਗੀ ਗਈ ਸੂਚਨਾ ਉਸਨੂੰ ਨਾ ਮਿਲਣ ਕਾਰਨ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ਜੀ ਪਾਸ ਅਪੀਲ ਦਾਇਰ ਕੀਤੀ ਗਈ। ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ਜੀ ਵਲੋਂ ਉਨ੍ਹਾਂ ਦੇ ਪੱਤਰ ਨੰ : ਆਰ.ਟੀ.ਆਈ./ ਅੰਮ੍ਰਿਤਸਰ/ 9977, ਮਿਤੀ : 25.10.2017 ਰਾਹੀਂ ਇਹ ਅਪੀਲ ਆਰ.ਟੀ. ਆਈ.ਐਕਟ-2005 ਦੇ ਸੈਕਸ਼ਨ 6(3) ਅਧੀਨ ਇਸ ਅਦਾਲਤ ਨੂੰ ਟਰਾਂਸਫਰ ਕੀਤੀ ਗਈ। ਅਪੀਲ ਦੀ ਸੁਣਵਾਈ ਵਾਸਤੇ ਦੋਵਾਂ ਧਿਰਾਂ ਨੂੰ ਨੋਟਿਸ ਜਾਰੀ ਕੀਤਾ ਗਿਆ ਅਤੇ ਵੱਖ-ਵੱਖ ਮਿਤੀਆਂ ਨੂੰ ਅਪੀਲ ਦੀ ਸੁਣਵਾਈ ਕੀਤੀ ਗਈ।

ਮਿਤੀ : 14.11.2017 ਨੂੰ ਅਪੀਲ ਦੀ ਸੁਣਵਾਈ ਦੌਰਾਨ ਸਹਾਇਕ ਰਜਿਸਟਰਾਰ (ਸਹਾਇਕ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਅਜਨਾਲਾ ਦੇ ਦਫਤਰ ਵਲੋਂ ਹਾਜਰ ਆਏ ਸ੍ਰੀ ਗੁਰਮੀਤ ਸਿੰਘ, ਸੀਨੀਅਰ ਸਹਾਇਕ ਵਲੋਂ ਹਾਜਰ ਹੋ ਕੇ ਦੱਸਿਆ ਗਿਆ ਕਿ ਅਪੀਲਕਰਤਾ ਵਲੋਂ ਮੰਗੀ ਗਈ ਸੂਚਨਾ ਤਿਆਰ ਕਰ ਦਿੱਤੀ ਗਈ ਹੈ ਅਤੇ ਅਪੀਲਕਰਤਾ ਨੂੰ ਦਫਤਰ ਵਿੱਚ ਹਾਜਰ ਆ ਕੇ ਸੂਚਨਾ ਪ੍ਰਾਪਤ ਕਰਨ ਲਈ ਲਿਖਿਆ ਜਾ ਚੁੱਕਾ ਹੈ। ਅਪੀਲ ਦੀ ਸੁਣਵਾਈ ਦੀ

........2........

ਅਗਲੀ ਮਿਤੀ : 21.11.2017 ਰੱਖੀ ਗਈ ਅਤੇ ਸਹਾਇਕ ਰਜਿਸਟਰਾਰ (ਸਹਾਇਕ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਅਜਨਾਲਾ ਨੂੰ ਹਦਾਇਤ ਕੀਤੀ ਗਈ ਕਿ ਅਪੀਲਕਰਤਾ ਵਲੋਂ ਮੰਗੀ ਗਈ ਸੂਚਨਾ ਉਸਨੂੰ ਮੁਹੱਈਆ ਕਰਵਾ ਕੇ ਸੁਣਵਾਈ ਦੀ ਅਗਲੀ ਮਿਤੀ : 21.11.2017 ਨੂੰ ਇਸ ਨਾਲ ਸਬੰਧਤ ਰੀਕਾਰਡ ਪੇਸ਼ ਕੀਤਾ ਜਾਵੇ। ਮਿਤੀ : 14.11.2017 ਨੂੰ ਅਪੀਲਕਰਤਾ ਹਾਜਰ ਨਹੀਂ ਆਇਆ।

ਮਿਤੀ : 21.11.2017 ਨੂੰ ਅਪੀਲ ਦੀ ਸੁਣਵਾਈ ਦੀ ਸੁਣਵਾਈ ਦੌਰਾਨ ਸਹਾਇਕ ਰਜਿਸਟਰਾਰ (ਸਹਾਇਕ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਅਜਨਾਲਾ ਵਲੋਂ ਹਾਜਰ ਆ ਕੇ ਦੱਸਿਆ ਗਿਆ ਕਿ ਅਪੀਲਕਰਤਾ ਵਲੋਂ ਮੰਗੀ ਗਈ ਸੂਚਨਾ ਉਨ੍ਹਾਂ ਦੇ ਰਜਿਸਟਰਡ ਪੱਤਰ ਨੰ : ਆਰ.ਕੇ./ ਏ.ਆਰ.ਏ./ 2062, ਮਿਤੀ : 20.11.2017 ਰਾਹੀਂ ਅਪੀਲਕਰਤਾ ਨੂੰ ਭੇਜੀ ਜਾ ਚੁੱਕੀ ਹੈ। ਮਿਤੀ : 21.11.2017 ਨੂੰ ਅਪੀਲਕਰਤਾ ਫਿਰ ਹਾਜਰ ਨਹੀਂ ਆਇਆ।

ਸਹਾਇਕ ਰਜਿਸਟਰਾਰ (ਸਹਾਇਕ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਅਜਨਾਲਾ ਵਲੋਂ ਉਨ੍ਹਾਂ ਦੇ ਰਜਿਸਟਰਡ ਪੱਤਰ ਨੰ : ਆਰ.ਕੇ./ ਏ.ਆਰ.ਏ./ 2062, ਮਿਤੀ : 20.11.2017 ਰਾਹੀਂ ਅਪੀਲਕਰਤਾ ਵਲੋਂ ਮੰਗੀ ਗਈ ਸੂਚਨਾ ਉਸਨੂੰ ਭੇਜੀ ਜਾ ਚੁੱਕੀ ਹੈ। ਇਸ ਲਈ ਅਪੀਲ dispose off ਕੀਤੀ ਜਾਂਦੀ ਹੈ।

ਮਿਤੀ : 21.11.2017.